# ਸਿਟੀ ਆਫ ਬ੍ਰੈਂਪਟਨ ਆਗਾਮੀ ਸਕੂਲ ਬੰਦ ਹੋਣ ਦੇ ਦੌਰਾਨ ਪੂਰੇ ਦਿਨ ਦੇ ਕੈਂਪਾਂ ਦੀ ਪੇਸ਼ਕਸ਼ ਕਰੇਗੀ

ਬ੍ਰੈਂਪਟਨ, ਓਨਟੈਰੀਓ (28 ਜਨਵਰੀ, 2020) – ਸਿਟੀ ਆਫ ਬ੍ਰੈਂਪਟਨ, 31 ਜਨਵਰੀ, 4 ਫਰਵਰੀ ਅਤੇ 6 ਫਰਵਰੀ ਨੂੰ ਪੂਰੇ ਬ੍ਰੈਂਪਟਨ ਦੇ ਚੋਣਵੇਂ ਕਮਿਊਨਿਟੀ ਸੈਂਟਰਾਂ ਵਿਖੇ ਸੁਵਿਧਾਜਨਕ ਅਤੇ ਕਿਫਾਇਤੀ ਪੂਰੇ ਦਿਨ ਦੇ ਕੈਂਪਾਂ ਦੀ ਪੇਸ਼ਕਸ਼ ਕਰ ਰਹੀ ਹੈ, ਕਿਉਂਕਿ ਪੀਲ ਡਿਸਟ੍ਰਿਕਟ ਸਕੂਲ ਬੋਰਡ (Peel District School Board) ਨੇ ਘੋਸ਼ਣਾ ਕੀਤੀ ਹੈ ਕਿ ਇਹਨਾਂ ਤਾਰੀਖਾਂ ਨੂੰ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 8 ਤੱਕ ਦੇ ਵਿਦਿਆਰਥੀਆਂ ਲਈ ਪੀਲ ਐਲਮੈਂਟਰੀ ਸਕੂਲ ਬੰਦ ਰਹਿਣਗੇ।

ਸਿਟੀ ਸਕੂਲ ਜਾਣ ਵਾਲੇ ਬੱਚਿਆਂ ਦੇ ਸਖ਼ਤ ਮਿਹਨਤ ਕਰਨ ਵਾਲੇ ਮਾਪਿਆਂ ਅਤੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।

ਹਰ ਤਾਰੀਖ ਨੂੰ, ਜਦੋਂ ਸਕੂਲ ਬੰਦ ਹੋਣ, ਹੇਠਾਂ ਦਿੱਤੀਆਂ ਥਾਵਾਂ ਵਿਖੇ ਚਾਰ ਤੋਂ 13 ਸਾਲ ਦੀ ਉਮਰ ਦੇ ਬੱਚਿਆਂ ਲਈ ਪੂਰੇ ਦਿਨ ਦੇ ਕੈਂਪ ਪੇਸ਼ ਕੀਤੇ ਜਾਣਗੇ:

- ਬ੍ਰੈਂਪਟਨ ਸੌਕਰ ਸੈਂਟਰ (Brampton Soccer Centre)
- ਕੈਸੀ ਕੈਂਪਬੈਲ ਰੇਕ੍ਰੀਏਸ਼ਨ ਸੈਂਟਰ (Cassie Campbell Recreation Centre)
- ਗੋਰ ਮੇਡੋਜ਼ ਕਮਿਊਨਿਟੀ ਸੈਂਟਰ (Gore Meadows Community Centre)
- ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ (Greenbriar Recreation Centre)

ਅੱਪਡੇਟਸ ਲਈ ਸਿਟੀ ਲਗਾਤਾਰ ਨਿਰੀਖਣ ਕਰਦੀ ਰਹੇਗੀ। ਅੱਪ-ਟੂ-ਡੇਟ ਪ੍ਰੋਗਰਾਮ ਜਾਣਕਾਰੀ ਅਤੇ ਰਜਿਸਟਰੇਸ਼ਨ ਵੇਰਵੇ ਔਨਲਾਈਨ www.brampton.ca/recreation ਤੇ ਉਪਲਬਧ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਪੂਰੇ ਦਿਨ ਦੇ ਕੈਂਪ, ਸਿਰਫ਼ ਪੀਲ ਡਿਸਟ੍ਰਿਕਟ ਸਕੂਲ ਬੋਰਡ/ਡਫਰਿਨ-ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Peel District School Board/Dufferin-Peel Catholic District School Board) ਦੇ ਸਕੂਲ ਬੰਦ ਹੋਣ ਦੀ ਸਥਿਤੀ ਵਿੱਚ ਹੀ ਪੇਸ਼ ਕੀਤੇ ਜਾਣਗੇ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca